# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times — 07 ਅਕਤੂਬਰ 2025 ਦਿਨ ਮੰਗਲਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡਾ. ਅੰਬੇਡਕਰ ਚੌਂਕ ਬਨਾਉਣ ਲਈ ਸਹਾਇਕ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ : ਢੋਸੀਵਾਲ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ 07 ਅਕਤੂਬਰ : ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਉੱਚ ਪੱਧਰੀ ਵਫ਼ਦ ਵੱਲੋਂ ਸਥਾਨਕ ਸਹਾਇਕ ਕਮਿਸ਼ਨਰ (ਜਨਰਲ) ਗੁਰਕਿਰਨਦੀਪ ਸਿੰਘ ਪੀ.ਸੀ.ਐਸ. ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ ਗਈ। ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਅਤੇ ਜਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਦੀ ਸਾਂਝੀ ਅਗਵਾਈ ਹੇਠਲੇ ਇਸ ਵਫ਼ਦ ਵਿੱਚ ਟਰੱਸਟ ਦੀ ਚੀਫ ਪੈਟਰਨ ਹੀਰਾਵਤੀ ਸੇਵਾ ਮੁਕਤ ਨਾਇਬ ਤਹਿਸੀਲਦਾਰ, ਚੇਅਰਮੈਨ ਸੇਵਾ ਮੁਕਤ ਪ੍ਰਿੰ. ਕ੍ਰਿਸ਼ਨ ਲਾਲ, ਜਨਰਲ ਸਕੱਤਰ ਸੇਵਾ ਮੁਕਤ ਲੈਕਚਰਾਰ ਮਲਕੀਤ ਸਿੰਘ ਮੰਮਨ, ਸਹਾਇਕ ਸਕੱਤਰ ਅਤੇ ਸੇਵਾ ਮੁਕਤ ਆਰ.ਏ. ਸ੍ਰੀ ਕ੍ਰਿਸ਼ਨ ਸਮੇਤ ਪ੍ਰਸਿੱਧ ਲਿਖਾਰੀ, ਚਿੰਤਕ ਅਤੇ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਜੁੜੇ ਹੋਏ ਸ਼ਿਵਨਾਥ ਦਰਦੀ ਸਮੇਤ ਮੁਲਾਜ਼ਮ ਅਤੇ ਸਮਾਜਿਕ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ ਅਤੇ ਕਾਮਰੇਡ ਬਲਕਾਰ ਸਿੰਘ ਸਹੋਤਾ ਆਦਿ ਵੀ ਉਚੇਚੇ ਤੌਰ 'ਤੇ ਮੌਜੂਦ ਸਨ।



ਟਰੱਸਟ ਆਗੂਆਂ ਵੱਲੋਂ ਸ਼ਹਿਰ ਅੰਦਰ ਦੇਸ਼ ਦੇ ਮਹਾਨ ਵਿਦਵਾਨ ਅਤੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਨਾਂ 'ਤੇ ਸਥਾਨਕ ਸਾਦਿਕ ਰੋਡ ਸਥਿਤ ਪੁਰਾਣੇ ਨਾਲੇ ਕੋਲ ਅਰਾਈਆਂ ਵਾਲਾ ਅਤੇ ਸਰਕੁਲਰ ਰੋਡ ਨੂੰ ਜਾਣ ਵਾਲੀਆਂ ਸੜਕਾਂ 'ਤੇ ਬਣਦੇ ਚੌਰਸਤੇ ਦਾ ਨਾਮ ਡਾ. ਅੰਬੇਡਕਰ ਚੌਂਕ ਰੱਖਣ ਦੀ ਮੰਗ ਕੀਤੀ ਗਈ। ਆਗੂਆਂ ਵੱਲੋਂ ਸਹਾਇਕ ਕਮਿਸ਼ਨਰ ਨੂੰ ਦੱਸਿਆ ਗਿਆ ਕਿ ਸ਼ਹਿਰ ਅੰਦਰ ਡਾ. ਅੰਬੇਡਕਰ ਦੇ ਨਾਂ 'ਤੇ ਕੋਈ ਚੌਂਕ ਨਹੀਂ ਬਣਿਆ ਹੋਇਆ ਅਤੇ ਨਾਂ ਤਾਂ ਨਗਰ ਕੌਂਸਲ ਜਾਂ ਸਰਕਾਰ ਵੱਲੋਂ ਕਿਸੇ ਚੌਂਕ ਦਾ ਨਾਮ ਡਾ. ਅੰਬੇਡਕਰ ਚੌਂਕ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਹੈ। ਜਿਕਰਯੋਗ ਹੈ ਕਿ ਨਗਰ ਕੌਂਸਲ ਵੱਲੋਂ ਪਾਸ ਕੀਤੇ ਜਾਣ ਵਾਲੇ ਸਾਰੇ ਮਤੇ ਅਤੇ ਤਜਵੀਜਾਂ ਏ.ਡੀ.ਸੀ. (ਜਨਰਲ) ਵੱਲੋਂ ਪ੍ਰਵਾਨਗੀ ਉਪਰੰਤ ਹੀ ਲਾਗੂ ਕੀਤੀਆਂ ਜਾਂਦੀਆਂ ਹਨ। ਇਸੇ ਲਈ ਹੀ ਸਹਾਇਕ ਕਮਿਸ਼ਨਰ ਨਾਲ ਇਹ ਮੁਲਾਕਾਤ ਕੀਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਚੇਅਰਮੈਨ ਢੋਸੀਵਾਲ ਨੇ ਦੱਸਿਆ ਹੈ ਕਿ ਸਹਾਇਕ ਕਮਿਸ਼ਨਰ ਗੁਰਕਿਰਨਦੀਪ ਸਿੰਘ ਪੀ.ਸੀ.ਐਸ. ਨੇ ਵਫ਼ਦ ਦੀਆਂ ਦਲੀਲਾਂ ਨੂੰ ਗੰਭੀਰਤਾ ਅਤੇ ਹਮਦਰਦੀ ਨਾਲ ਸੁਣਿਆ। ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਉਕਤ ਚੌਂਕ ਦਾ ਨਾਮ ਡਾ. ਅੰਬੇਡਕਰ ਚੌਂਕ ਰੱਖੇ ਜਾਣ ਸਬੰਧੀ ਨਗਰ ਕੌਂਸਲ ਵੱਲੋਂ ਪਾਸ ਕੀਤਾ ਮਤਾ ਸਬੰਧਤ ਜਿਲ੍ਹਾ ਅਧਿਕਾਰੀਆਂ ਵੱਲੋਂ ਮਨਜੂਰ ਕਰ ਦਿੱਤਾ ਜਾਵੇਗਾ। ਸਮੂਹ ਟਰੱਸਟ ਆਗੂਆਂ ਨੇ ਉਨ੍ਹਾਂ ਦੇ ਇਸ ਭਰੋਸੇ ਦੀ ਪ੍ਰਸ਼ੰਸਾ ਕਰਦੇ ਹੋਏ ਉਨ੍ਹਾਂ ਦਾ ਧੰਨਵਾਦ ਕੀਤਾ। ਇੱਥੇ ਇਹ ਦੱਸਣਾ ਵੀ ਲਾਜ਼ਮੀ ਹੈ ਕਿ ਉਕਤ ਚੌਂਕ ਦਾ ਨਾਮ ਡਾ. ਅੰਬੇਡਕਰ ਚੌਂਕ ਰੱਖੇ ਜਾਣ ਸਬੰਧੀ ਟਰੱਸਟ ਦੇ ਉੱਚ ਪੱਧਰੀ ਆਗੂਆਂ ਵੱਲੋਂ ਹਲਕੇ ਦੇ ਹਰਮਨ ਪਿਆਰੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਐਲ.ਐਲ.ਏ. ਕੋਲ ਵੀ ਪਹੁੰਚ ਕੀਤੀ ਗਈ ਸੀ ਅਤੇ ਇਸ ਸਬੰਧੀ ਉਨ੍ਹਾਂ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਸੀ। ਸਹਾਇਕ ਕਮਿਸ਼ਨਰ ਨਾਲ ਮੁਲਾਕਾਤ ਉਪਰੰਤ ਸ੍ਰੀ ਢੋਸੀਵਾਲ ਨੇ ਸਮੂਹ ਮੈਂਬਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਨੇ ਵਧੀਆ ਕਦਮ ਉਠਾਉਂਦੇ ਹੋਏ ਹਰ ਇੱਕ ਸਰਕਾਰੀ ਦਫਤਰ ਵਿੱਚ ਡਾ. ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀ ਫੋਟੋ ਲਗਾਉਣੀ ਲਾਜ਼ਮੀ ਕੀਤੀ ਹੋਈ ਹੈ। ਉਨ੍ਹਾਂ ਨੇ ਇਹ ਵੀ ਉਮੀਦ ਜਾਹਰ ਕੀਤੀ ਹੈ ਕਿ ਜਲਦੀ ਹੀ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੀ ਮੰਗ ਨੂੰ ਨਗਰ ਕੌਂਸਲ ਵੱਲੋਂ ਪ੍ਰਵਾਨ ਕਰਦੇ ਹੋਏ ਉਕਤ ਚੌਰਸਤੇ ਦਾ ਨਾਮ ਡਾ. ਅੰਬੇਡਕਰ ਚੌਂਕ ਰੱਖ ਦਿੱਤਾ ਜਾਵੇਗਾ ਅਤੇ ਉੱਥੇ ਡਿਸਪਲੇਅ ਬੋਰਡ ਲਗਵਾ ਦਿੱਤੇ ਜਾਣਗੇ।

## ਜੰਮੂ-ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗੁਇਜਜ਼ ਵੱਲੋਂ ਧਰਮਗੁੰਡ, ਤ੍ਰਾਲ (ਪੁਲਵਾਮਾ) ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ੩੫੦ਵੀਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਸਮਾਰੋਹ ਆਯੋਜਿਤ – ਪੋਪਿੰਦਰ ਸਿੰਘ ਪਾਰਸ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਸ੍ਰੀਨਗਰ, 7 ਅਕਤੂਬਰ : ਜੰਮੂ ਕਸ਼ਮੀਰ ਅਕੈਡਮੀ ਆਫ ਆਰਟ, ਕਲਚਰ ਐਂਡ ਲੈਂਗਵੇਜਿਜ਼ (JKAACL) ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ੩੫੦ਵੀਂ ਸ਼ਹੀਦੀ ਦਿਹਾੜੇ ਦੀ ਯਾਦ ਵਿੱਚ ਵਿਸ਼ੇਸ਼ ਸਮਾਰੋਹ ਗੁਰਦੁਆਰਾ ਸਿੰਘ ਸਭਾ, ਧਰਮਗੁੰਡ, ਤ੍ਰਾਲ (ਪੁਲਵਾਮਾ) ਵਿੱਚ ਸ਼੍ਰੀਮਤੀ ਹਰਵਿੰਦਰ ਕੌਰ (JKAS), ਸਕੱਤਰ, JKAACL ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ।

ਕਾਰਜਕ੍ਰਮ ਦੀ ਸ਼ੁਰੂਆਤ ਮਾਸਟਰ ਅਵਤਾਰ ਸਿੰਘ ਅਤੇ ਅਵਤਾਰ ਸਿੰਘ (ਸਕੱਤਰ, ਜੀ.ਐੱਸ.ਐੱਸ. ਧਰਮਗੁੰਡ) ਅਤੇ ਉਨ੍ਹਾਂ ਦੇ ਸਮੂਹਾਂ ਵੱਲੋਂ ਗੁਰਬਾਣੀ ਸ਼ਬਦ ਕੀਰਤਨ ਦੀ ਸੁਰੀਲੀ ਰਸਧਾਰ ਨਾਲ ਹੋਈ, ਜਿਸ ਤੋਂ ਬਾਅਦ ਆਤਮਕ ਪ੍ਰਸਤੁਤੀ ਦਿੱਤੀ ਗਈ। ਰੱਬੀ ਕੀਰਤਨ ਨੇ ਪੂਰੇ ਮੰਡਪ ਨੂੰ ਰੂਹਾਨੀ ਭਾਵਨਾ ਅਤੇ ਸ਼ਰਧਾ ਨਾਲ ਭਰ ਦਿੱਤਾ ਅਤੇ ਪੂਰੇ ਸਮਾਗਮ ਦਾ ਮਾਹੌਲ ਸ਼ਾਂਤਮਈ ਬਣਾਇਆ।

ਗੁਰਦੁਆਰਾ ਸਿੰਘ ਸਭਾ ਧਰਮਗੁੰਡ ਦੇ ਪ੍ਰਧਾਨ ਰਜਿੰਦਰ ਸਿੰਘ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਜ਼ਿੰਦਗੀ ਅਤੇ ਉਨ੍ਹਾਂ ਦੀ ਸਰਬੋਤਮ ਸ਼ਹੀਦੀ ਬਾਰੇ ਪ੍ਰਕਾਸ਼ ਪਾਇਆ ਅਤੇ ਧਰਮ ਤੇ ਮਨੁੱਖੀ ਮੁੱਲਾਂ ਦੀ ਰੱਖਿਆ ਲਈ ਉਨ੍ਹਾਂ ਦੇ ਅਤੁੱਲ ਯੋਗਦਾਨ ਨੂੰ ਉਜਾਗਰ ਕੀਤਾ।



ਇਸ ਮੌਕੇ ਗੁਰਮਤਿ ਪੰਜਾਬੀ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ, ਜਿਸ ਵਿੱਚ ਸਥਾਨਕ ਕਾਲਜਾਂ ਅਤੇ ਹਾਈਅਰ ਸਕੈਂਡਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਸ਼੍ਰੀ ਪੋਪਿੰਦਰ ਸਿੰਘ ਪਾਰਸ, ਸੀਨੀਅਰ ਸੰਪਾਦਕ ਸ਼ੀਰਾਜਾ ਪੰਜਾਬੀ ਨੇ ਜੇ.ਕੇ.ਏ.ਏ.ਸੀ.ਐੱਲ. ਵੱਲੋਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਕਸ਼ਮੀਰ ਦੇ ਦੂਰ-ਦਰਾਜ ਇਲਾਕਿਆਂ ਵਿੱਚ ਪ੍ਰਚਾਰਿਤ ਕਰਨ ਲਈ ਕੀਤੀਆਂ ਕੋਸ਼ਿਸ਼ਾਂ ਉੱਤੇ ਚਾਨਣ ਪਾਇਆ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦਿਹਾੜੇ ਦੇ ਰੂਹਾਨੀ ਅਤੇ ਇਤਿਹਾਸਕ ਮਹੱਤਵ ਉੱਤੇ ਵੀ ਵਿਚਾਰ ਪ੍ਰਗਟ ਕੀਤੇ।

ਕਵੀ ਦਰਬਾਰ ਵਿੱਚ ਪ੍ਰਸਿੱਧ ਕਵੀ ਪ੍ਰਿੰਸਿਪਲ ਇਛਪਾਲ ਸਿੰਘ, ਸੰਜੀਤ ਸਿੰਘ, ਇਸ਼ਮੀਤ ਸਿੰਘ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਗੁਰਸ਼ਿਸ ਕੌਰ, ਰਵਨੀਤ ਕੌਰ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ, ਰੋਹਨਮੀਤ ਸਿੰਘ ਅਤੇ ਹੋਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸ਼ਰਧਾਲੂਆਂ ਨੇ ਗੁਰਦੁਆਰਾ ਸਾਹਿਬ ਵਿੱਚ ਹਾਜ਼ਰੀ ਭਰੀ ਅਤੇ ਪੂਰੇ ਭਾਵ ਨਾਲ ਸਮਾਗਮ ਵਿੱਚ ਭਾਗ ਲਿਆ।

ਸ. ਅਵਤਾਰ ਸਿੰਘ, ਸਕੱਤਰ, ਗੁਰਦੁਆਰਾ ਸਿੰਘ ਸਭਾ ਧਰਮਗੁੰਡ ਨੇ ਕਾਰਜਕ੍ਰਮ ਦੀ ਕਾਰਵਾਈ ਚਲਾਈ ਜਦਕਿ ਸ.ਰਜਿੰਦਰ ਸਿੰਘ, ਪ੍ਰਧਾਨ ਨੇ ਧੰਨਵਾਦ ਪ੍ਰਸਤੁਤ ਕੀਤਾ। ਸ਼੍ਰੀ ਤ੍ਰਿਲੋਕ ਸਿੰਘ ਬਾਲੀ ਨੇ ਕਾਰਜਕ੍ਰਮ ਦੇ ਸੁਚਾਰੂ ਆਯੋਜਨ ਵਿੱਚ ਸਹਿਯੋਗ ਦਿੱਤਾ। ਸਮਾਗਮ ਨੂੰ ਆਨਲਾਈਨ ਰੂਪ ਵਿੱਚ ਸੁਖਮੀਤ ਸਿੰਘ ਵੱਲੋਂ ਇਕ ਬਾਣੀ ਪਲੇਟਫਾਰਮ ਰਾਹੀਂ ਉਜਾਗਰ ਕੀਤਾ ਗਿਆ।

## ਤਰਕਸ਼ੀਲ ਨਜ਼ਰੀਏ ਅਨੁਸਾਰ ਕੀਤਾ ਧੀ ਮਨਦੀਪ ਦਾ ਵਿਆਹ

### ਰਵਾਇਤੀ ਜਸ਼ਨਾਂ ਦੀ ਥਾਵੇਂ ਤਰਕਸ਼ੀਲ ਜਾਦੂ ਸ਼ੋਅ ਅਤੇ ਕੋਰਿਓਗ੍ਰਾਫੀ ਬਣੇ ਖਿੱਚ ਦਾ ਕੇਂਦਰ

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮਾਂ



ਰੋਪੜ, 07 ਅਕਤੂਬਰ : ਇੱਥੋਂ ਨੇੜਲੇ ਪਿੰਡ: ਮਾਜਰੀ ਠੇਕੇਦਾਰਾਂ ਵਿਖੇ ਤਰਕਸ਼ੀਲ ਆਗੂ ਜਸਪਾਲ ਮਾਜਰੀ ਅਤੇ ਉਹਨਾਂ ਦੇ ਪਰਿਵਾਰ ਨੇ ਰਵਾਇਤੀ ਜਸ਼ਨਾਂ ਦੇ ਬਦਲ ਵਜੋਂ ਧੀ ਰਾਣੀ ਮਨਦੀਪ ਕੌਰ ਦੇ ਵਿਆਹ (ਮੇਲ) ਮੌਕੇ ਤਰਕਸ਼ੀਲ ਨਜ਼ਰੀਏ ਅਨੁਸਾਰ ਵਿਗਿਆਨਕ ਪ੍ਰੋਗਰਾਮ ਕਰਵਾਇਆ। ਜਿਸ ਦੌਰਾਨ ਇਕਾਈ ਰੋਪੜ ਦੇ ਸੱਭਿਆਚਾਰਕ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਅਤੇ ਜਥੇਬੰਦਕ ਮੁਖੀ ਅਸ਼ੋਕ ਕੁਮਾਰ ਨੇ ਕਿਹਾ ਕਿ ਸਦੀਆਂ ਪੁਰਾਣੇ ਰਸਮੋ-ਰਿਵਾਜ਼, ਜਿਨ੍ਹਾਂ ਦਾ ਮਨੁੱਖੀ ਜ਼ਿੰਦਗੀ ਨਾਲ ਕੋਈ ਵਾਹ ਵਾਸਤਾ ਨਹੀ ਹੈ, ਨੂੰ ਬਿਨਾ ਸੋਚੇ ਸਮਝੇ/ਅੱਖਾਂ ਬੰਦ ਕਰਕੇ ਅਪਣਾਈ ਜਾਣਾ ਸਿਆਣਪ ਨਹੀ ਹੈ। ਮਾਨਸਿਕ ਵਿਭਾਗ ਮੁਖੀ ਅਮਰਨਾਥ ਨੇ ਪਾਖੰਡੀ ਸਾਧਾਂ ਸੰਤਾ ਵੱਲੋ ਝੂਠੇ ਨਰਕ ਸਵਰਗ ਦੇ ਸੋਹਲੇ ਸੁਣਾਕੇ ਲੋਕਾਂ ਨੂੰ ਮੱਕੜਜਾਲ ਵਿੱਚ ਫਸਾ ਕੇ ਇਨਸਾਨ ਦੀ ਸੋਚਣ ਸਕਤੀ ਨੂੰ ਖੋਖਲਾ ਕਰਨ ਪ੍ਤੀ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਸਮਾਂ ਮੰਗ ਕਰਦਾ ਹੈ ਕਿ ਸਮੇ ਦੇ ਹਾਣੀ ਬਣੋ, ਚੰਗਾ ਸਹਿਤ ਪੜ੍ਹੋ, ਤਰਕਸ਼ੀਲ ਨਜ਼ਰੀਏ ਅਨੁਸਾਰ ਬਿਨਾਂ ਕਿਸੇ ਡਰ ਤੋ ਜ਼ਿੰਦਗੀ ਦਾ ਆਨੰਦ ਮਾਣੋ। ਪ੍ਰਸਿੱਧ ਤਰਕਸ਼ੀਲ ਜਾਦੂਗਰ ਜਗਦੇਵ ਕੰਮੋਮਾਜਰਾ ਵੱਲੋ ਜਾਦੂ ਦੇ ਬਾਕਮਾਲ ਟ੍ਰਿਕ ਪੇਸ਼ ਕੀਤੇ ਗਏ। ਜਿੰਨ੍ਹਾਂ ਦਾ ਦਰਸ਼ਕਾਂ ਨੇ ਖੂਬ ਉਤਸੁਕਤਾ ਨਾਲ਼ ਆਨੰਦ ਮਾਣਿਆ। ਸੋਨਮ ਪ੍ਰੀਤ ਕੌਰ ਵੱਲੋ ਕੋਰੀਓਗ੍ਰਾਫੀ ਪੇਸ਼ ਕੀਤੀ ਅਤੇ ਨੰਨ੍ਹੀ ਬੱਚੀ ਜਸਪ੍ਰੀਤ ਕੌਰ ਨੇ 'ਧੀਆਂ ਹੁੰਦੀਆ ਵੇ ਬਾਬਲਾ ਪਰਾਈਆਂ' ਨਾਲ਼ ਮਾਹੌਲ ਭਾਵੁਕ ਕਰ ਦਿੱਤਾ। ਲਾੜੀ ਮਨਦੀਪ ਕੌਰ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਮੈਨੂੰ ਆਪਣੇ ਮਾਂ-ਬਾਪ ਉੱਤੇ ਬਹੁਤ ਜਿਆਦਾ ਮਾਣ ਹੈ। ਜਿਨ੍ਹਾਂ ਦੀ ਤਰਕਸ਼ੀਲ ਸੋਚ ਬਦੌਲਤ ਸਮਾਜ ਵਿੱਚ ਅਸੀ ਸਿਰ ਉੱਚਾ ਕਰਕੇ ਤੁਰਨ ਦੇ ਕਾਬਲ ਹੋਏ। ਜਸਪਾਲ ਮਾਜਰੀ ਨੇ ਹਾਜ਼ਰ ਪਿੰਡ ਵਾਸੀਆਂ, ਰਿਸ਼ਤੇਦਾਰਾ ਦਾ ਧੰਨਵਾਦ ਕੀਤਾ। ਇਸ ਮੌਕੇ ਤਰਕਸ਼ੀਲ ਕਾਰਕੁੰਨ ਪਵਨ ਰੱਤੋ ਅਤੇ ਹੋਰ ਮੋਹਤਬਰ ਸੱਜਣ ਹਾਜ਼ਰ ਸਨ।

## ਐੱਨ.ਐੱਮ ਕਾਲਜ ਮਾਨਸਾ ਵਿਖੇ ਸਵੈ-ਇਛੁੱਕ ਖੂਨਦਾਨ ਦਿਵਸ ਮਨਾਇਆ।

### ਵਿਦਿਆਰਥੀਆਂ ਨੂੰ ਖੂਨਦਾਨ ਲਈ ਹਮੇਸ਼ਾਂ ਅੱਗੇ ਆਉਣਾ ਚਾਹੀਦਾ ਹੈ- ਡਾ. ਹਰਦੀਪ ਸਿੰਘ

ਵਰਲਡ ਪੰਜਾਬੀ ਟਾਈਮਜ਼




ਮਾਨਸਾ 7 ਅਕਤੂਬਰ: ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਦੇ ਐੱਨ.ਐੱਸ.ਐੱਸ ਵਿਭਾਗ ਵੱਲੋਂ ਸਵੈ-ਇਛੁੱਕ ਖੂਨਦਾਨ ਦਿਵਸ ਮੌਕੇ ਲੈਕਚਰ ਅਤੇ ਪੋਸਟਰ ਮੇਕਿੰਗ ਪ੍ਰਤੀਯੋਗਤਾ ਕਰਵਾਈ ਗਈ। ਇਸ ਪ੍ਰੋਗਰਾਮ ਵਿੱਚ ਕਾਲਜ ਪ੍ਰਿੰਸੀਪਲ ਡਾ. ਹਰਦੀਪ ਸਿੰਘ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਉਨ੍ਹਾਂ ਆਪਣੇ ਪ੍ਰਧਾਨਗੀ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਖੂਨਦਾਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਅੰਦਰ ਸਮਾਜ ਕਲਿਆਣ ਦੀ ਭਾਵਨਾ ਪੈਦਾ ਕਰਕੇ ਖੂਨਦਾਨ ਕਰਦਿਆਂ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਦੇ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਖੂਨਦਾਨ ਸਭ ਤੋਂ ਉੱਤਮ ਦਾਨ ਹੈਅਤੇ ਸਾਨੂੰ ਅਜਿਹੇ ਦਾਨ ਲਈ ਹਮੇਸ਼ਾ ਅੱਗੇ ਆਉਣਾ ਚਾਹੀਦਾ ਹੈ। ਸਮਾਗਮ ਦੇ ਮੁੱਖ ਵਕਤਾ ਡਾ. ਸੁਪਨਦੀਪ ਕੌਰ ਨੇ ਖੂਨਦਾਨ ਦਿਵਸ ਦੇ ਮਹੱਤਵ ਅਤੇ ਪਿਛੋਕੜ ਬਾਰੇ ਚਰਚਾ ਕਰਦਿਆਂ ਕਿਹਾ ਕਿ ਸਾਨੂੰ ਬਿਨਾਂ ਕਿਸੇ ਡਰ ਤੋਂ ਖੂਨਦਾਨ ਕਰਨਾ ਚਾਹੀਦਾ ਹੈ ਕਿਉਂਕਿ ਖੂਨਦਾਨ ਕਰਨ ਨਾਲ਼ ਕੋਈ ਕਮਜ਼ੋਰੀ ਜਾਂ ਨੁਕਸਾਨ ਨਹੀਂ ਹੁੰਦਾ ਸਗੋਂ ਦਾਨ ਕੀਤੇ ਖੂਨ ਦੀ ਮੁੜ ਪੂਰਤੀ ਵੀ ਛੇਤੀ ਹੋ ਜਾਂਦੀ ਹੈ। ਸਮਾਗਮ ਦਾ ਮੰਚ ਸੰਚਾਲਣ ਕਰਦਿਆਂ ਪ੍ਰੋ. ਬਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਖੂਨਦਾਨ ਮੁਹਿੰਮ ਨਾਲ਼ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਸਮਾਜ ਵਿੱਚ ਸ਼ੌਹਰਤ, ਰੁਤਬਾ ਅਤੇ ਪੈਸੇ ਨਾਲੋਂ ਮਨੁੱਖੀ ਜੀਵਨ ਦਾ ਸਭ ਤੋਂ ਵੱਧ ਮਹੱਤਵ ਹੈ, ਇਸ ਲਈ ਸਾਨੂੰ ਖੂਨਦਾਨ ਰਾਹੀਂ ਮਨੁੱਖੀ ਜਾਨਾਂ ਬਚਾਉਣੀਆਂ ਚਾਹੀਦੀਆਂ ਹਨ। ਇਸ ਮੌਕੇ ਪੋਸਟਰ ਬਣਾਉਣ ਵਾਲੇ ਵਿਦਿਆਰਥੀਆਂ ਨੇਹਾ ਰਾਣੀ , ਸੁਖਪ੍ਰੀਤ ਕੌਰ, ਹਰਵਿੰਦਰ ਕੌਰ, ਬੰਦਨਾ ਅਤੇ ਖੁਸ਼ਪ੍ਰੀਤ ਕੌਰ ਬੀ.ਏ. ਭਾਗ ਤੀਜਾ ਐੱਨ.ਐੱਸ.ਐੱਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਹਰਦੀਪ ਸਿੰਘ ਨੇ ਇਨਾਮ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰੋ. ਅੰਬੇਸ਼ ਭਾਰਦਵਾਜ, ਡਾ. ਅਜਮੀਤ ਕੌਰ, ਡਾ.ਆਸ਼ੂ ਗਰਗ ਪ੍ਰੋਗਰਾਮ ਅਫ਼ਸਰ ਤੋਂ ਇਲਾਵਾ ਡਾ. ਸੀਮਾ ਜਿੰਦਲ, ਡਾ. ਰਾਵਿੰਦਰ ਸਿੰਘ, ਡਾ. ਅਮਨਦੀਪ ਸਿੰਘ, ਡਾ. ਹਰਵਿੰਦਰ ਕੌਰ, ਪ੍ਰੋ. ਜੋਤੀ , ਪ੍ਰੋ. ਪ੍ਰਭਾ ਦੇਵੀ, ਪ੍ਰੋ. ਹਰਜਿੰਦਰ ਸਿੰਘ , ਪ੍ਰੋ.ਕੁਲਦੀਪ ਸਿੰਘ ਆਦਿ ਮੌਜੂਦ ਸਨ।

## ਵਨ ਟਾਈਮ ਸੈਟਲਮੈਂਟ ਸਕੀਮ 2025 'ਤੇ ਲੁਧਿਆਣਾ ਵਿੱਚ ਵਿਸ਼ੇਸ਼ ਸੈਮੀਨਾਰ ਆਯੋਜਿਤ

### ਟੈਕਸ ਪਾਲਣਾ ਨੂੰ ਵਧਾਉਣ ਲਈ ਪੰਜਾਬ ਸਰਕਾਰ ਵੱਲੋਂ ਨਵੀਂ ਓ.ਟੀ.ਐਸ. ਸਕੀਮ 'ਤੇ ਜਾਗਰੂਕਤਾ ਮੁਹਿੰਮ

### ਟੈਕਸਦਾਤਾਵਾਂ ਲਈ ਸੁਨਹਿਰਾ ਮੌਕਾ: ਓ.ਟੀ.ਐਸ. ਸਕੀਮ 'ਚ ਵੱਡੀਆਂ ਛੋਟਾਂ ਦਾ ਐਲਾਨ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ, 7 ਅਕਤੂਬਰ : ਪੰਜਾਬ ਟੈਕਸੇਸ਼ਨ ਬਾਰ ਐਸੋਸੀਏਸ਼ਨ ਵੱਲੋਂ ਹੋਟਲ ਪਾਰਕ ਪਲਾਜ਼ਾ, ਲੁਧਿਆਣਾ ਵਿਖੇ ਕਰਵਾਏ ਗਏ ਇੱਕ ਵਿਸ਼ੇਸ਼ ਸੈਮੀਨਾਰ ਵਿੱਚ ਵਨ ਟਾਈਮ ਸੈਟਲਮੈਂਟ ਸਕੀਮ, 2025 ਬਾਰੇ ਜਾਗਰੂਕਤਾ ਫੈਲਾਉਣ ਲਈ ਰਾਜ ਦੇ ਜੀ.ਐਸ.ਟੀ/ਵੈਟ ਅਧਿਕਾਰੀਆਂ ਨੂੰ ਸੱਦਾ ਦਿੱਤਾ ਗਿਆ।


ਪੰਜਾਬ ਟੈਕਸੇਸ਼ਨ ਬਾਰ ਐਸੋਸੀਏਸ਼ਨ ਨੇ ਹਾਲ ਹੀ ਵਿੱਚ ਰਾਜ ਵਿੱਚ ਟੈਕਸ ਪਾਲਣਾ ਅਤੇ ਮਾਲੀਆ ਇਕੱਠਾ ਕਰਨ ਵਿੱਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਮਹੱਤਵਪੂਰਨ ਸਰਕਾਰੀ ਪਹਿਲਕਦਮੀਆਂ 'ਤੇ ਕੇਂਦ੍ਰਿਤ ਇੱਕ ਸੈਮੀਨਾਰ ਦੀ ਮੇਜ਼ਬਾਨੀ ਕੀਤੀ। ਇਸ ਸਮਾਗਮ ਨੂੰ ਸ਼੍ਰੀਮਤੀ ਸ਼ਾਇਨੀ ਸਿੰਘ ਸਹਾਇਕ ਕਮਿਸ਼ਨਰ ਸਟੇਟ ਟੈਕਸ, ਲੁਧਿਆਣਾ-3 ਦੀ ਮੌਜੂਦਗੀ ਨਾਲ ਸ਼ੁਰੂ ਕੀਤਾ ਗਿਆ, ਜਿਨ੍ਹਾਂ ਨੂੰ ਮੁੱਖ ਮਹਿਮਾਨ ਬੁਲਾਰੇ ਵਜੋਂ ਸੱਦਾ ਦਿੱਤਾ ਗਿਆ ਸੀ। ਸੈਮੀਨਾਰ ਮੁੱਖ ਤੌਰ 'ਤੇ ਪੰਜਾਬ ਵਨ ਟਾਈਮ ਸੈਟਲਮੈਂਟ ਸਕੀਮ (ਓ.ਟੀ.ਐਸ), 2025 ਅਤੇ ਜੀ.ਐਸ.ਟੀ 2.0 ਅਧੀਨ ਜੀ.ਐਸ.ਟੀ ਤਬਦੀਲੀਆਂ 'ਤੇ ਕੇਂਦ੍ਰਿਤ ਸੀ ਜਿਸ ਲਈ ਇੱਕ ਹੋਰ ਉੱਘੇ ਬੁਲਾਰੇ ਸ਼੍ਰੀ ਬਿਮਲ ਜੈਨ ਸੀ.ਏ ਨੂੰ ਵੀ ਸੱਦਾ ਦਿੱਤਾ ਗਿਆ ਸੀ। ਸੈਮੀਨਾਰ ਦੌਰਾਨ ਸਹਾਇਕ ਕਮਿਸ਼ਨਰ ਨੇ ਪੰਜਾਬ ਸਰਕਾਰ ਦੁਆਰਾ ਪੇਸ਼ ਕੀਤੀ ਗਈ ਵਨ ਟਾਈਮ ਸੈਟਲਮੈਂਟ (ਓ.ਟੀ.ਐਸ) ਸਕੀਮ, 2025 'ਤੇ ਇੱਕ ਸੂਝਵਾਨ ਭਾਸ਼ਣ ਦਿੱਤਾ। ਇਹ ਸਕੀਮ ਟੈਕਸਦਾਤਾਵਾਂ ਨੂੰ ਵੱਖ-ਵੱਖ ਐਕਟਾਂ ਜਿਵੇਂ ਕਿ ਪੰਜਾਬ ਜਨਰਲ ਸੇਲਜ਼ ਟੈਕਸ ਐਕਟ, 1948; ਕੇਂਦਰੀ ਸੇਲਜ਼ ਟੈਕਸ ਐਕਟ, 1956; ਅਧੀਨ ਲੰਬੇ ਸਮੇਂ ਤੋਂ ਬਕਾਇਆ ਬਕਾਏ ਦਾ ਨਿਪਟਾਰਾ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਪ੍ਰਦਾਨ ਕਰਦੀ ਹੈ। ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਨਿਯਮ) ਐਕਟ, 2002; ਪੰਜਾਬ ਮੁੱਲ ਜੋੜ ਟੈਕਸ ਐਕਟ, 2005; ਪੰਜਾਬ ਮਨੋਰੰਜਨ ਡਿਊਟੀ ਐਕਟ, 1955 ਵਿੱਚ ਇਸ ਛੋਟ ਸਕੀਮ ਦੇ ਲਾਭ ਪ੍ਰਾਪਤ ਕਰਕੇ, ਇਸ ਤਰ੍ਹਾਂ ਸਰਕਾਰ ਅਤੇ ਟੈਕਸਦਾਤਾਵਾਂ ਵਿਚਕਾਰ ਇੱਕ ਸਹਿਯੋਗੀ ਮਾਹੌਲ ਨੂੰ ਉਤਸ਼ਾਹਿਤ ਕਰਦੇ ਹਨ।

ਸਹਾਇਕ ਕਮਿਸ਼ਨਰ ਨੇ ਓ.ਟੀ.ਐਸ. ਸਕੀਮ ਦੇ ਲਾਭਾਂ ਅਤੇ ਪ੍ਰਕਿਰਿਆਤਮਕ ਪਹਿਲੂਆਂ ਬਾਰੇ ਵਿਸਥਾਰ ਵਿੱਚ ਦੱਸਿਆ, ਹਿੱਸੇਦਾਰਾਂ ਨੂੰ ਬਕਾਇਆ ਦੇਣਦਾਰੀਆਂ ਨੂੰ ਕੁਸ਼ਲਤਾ ਨਾਲ ਨਿਪਟਾਉਣ ਲਈ ਇਸ ਪਹਿਲਕਦਮੀ ਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ। ਲੈਕਚਰ ਨੂੰ ਪੰਜਾਬ ਟੈਕਸੇਸ਼ਨ ਬਾਰ ਐਸੋਸੀਏਸ਼ਨ ਦੇ ਮੈਂਬਰਾਂ ਅਤੇ ਹੋਰ ਭਾਗੀਦਾਰਾਂ ਦੁਆਰਾ ਚੰਗੀ ਤਰ੍ਹਾਂ ਪ੍ਰਾਪਤ ਕੀਤਾ ਗਿਆ, ਜਿਨ੍ਹਾਂ ਨੇ ਪ੍ਰਦਾਨ ਕੀਤੀ ਗਈ ਜਾਣਕਾਰੀ ਦੀ ਸਪੱਸ਼ਟਤਾ ਅਤੇ ਡੂੰਘਾਈ ਦੀ ਸ਼ਲਾਘਾ ਕੀਤੀ। ਮੈਂਬਰਾਂ ਦੁਆਰਾ ਮਹਿਮਾਨ ਬੁਲਾਰੇ ਤੋਂ ਕਈ ਸਵਾਲ ਪੁੱਛੇ ਗਏ ਅਤੇ ਜਵਾਬਾਂ ਨੇ ਸਕੀਮ ਦੇ ਵੇਰਵਿਆਂ ਅਤੇ ਉਦੇਸ਼ਾਂ ਬਾਰੇ ਹੋਰ ਸਪੱਸ਼ਟਤਾ ਲਿਆਂਦੀ। ਸਹਾਇਕ ਕਮਿਸ਼ਨਰ ਨੇ ਹੇਠਾਂ ਦਿੱਤੇ ਅਨੁਸਾਰ ਛੋਟ ਸੀਮਾਵਾਂ ਨਾਲ ਸਬੰਧਤ ਨੁਕਤਿਆਂ ਨੂੰ ਸਪੱਸ਼ਟ ਕੀਤਾ:-

1 ਕਰੋੜ ਰੁਪਏ ਤੱਕ: ਵਿਆਜ ਅਤੇ ਜੁਰਮਾਨੇ 'ਤੇ 100 ਫੀਸਦੀ ਛੋਟ, ਅਤੇ ਟੈਕਸ ਦੀ ਰਕਮ 'ਤੇ 50 ਫੀਸਦੀ ਛੋਟ।
1 ਕਰੋੜ ਰੁਪਏ ਤੋਂ 25 ਕਰੋੜ ਰੁਪਏ: ਵਿਆਜ ਅਤੇ ਜੁਰਮਾਨੇ 'ਤੇ 100 ਫੀਸਦੀ ਛੋਟ ਅਤੇ ਟੈਕਸ ਰਕਮ 'ਤੇ 25 ਫੀਸਦੀ ਛੋਟ।
25 ਕਰੋੜ ਰੁਪਏ ਤੋਂ ਵੱਧ: ਵਿਆਜ ਅਤੇ ਜੁਰਮਾਨੇ 'ਤੇ 100 ਫੀਸਦੀ ਛੋਟ ਅਤੇ ਟੈਕਸ ਰਕਮ 'ਤੇ 10 ਫੀਸਦੀ ਛੋਟ।

ਸੈਮੀਨਾਰ ਨੇ ਪਾਰਦਰਸ਼ੀ ਅਤੇ ਟੈਕਸਦਾਤਾ-ਅਨੁਕੂਲ ਸਕੀਮਾਂ ਰਾਹੀਂ ਟੈਕਸਦਾਤਾਵਾਂ ਦਾ ਸਮਰਥਨ ਕਰਦੇ ਹੋਏ ਟੈਕਸ ਪਾਲਣਾ ਨੂੰ ਵਧਾਉਣ ਲਈ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਸ਼੍ਰੀ ਹਰਦੀਪ ਸਿੰਘ ਆਹੂਜਾ ਸਹਾਇਕ ਰਾਜ ਟੈਕਸੇਸ਼ਨ ਅਫਸਰ ਜਿਨ੍ਹਾਂ ਨੂੰ ਮਹਿਮਾਨ ਵਜੋਂ ਵੀ ਸੱਦਾ ਦਿੱਤਾ ਗਿਆ ਸੀ, ਨੇ ਅਜਿਹੇ ਜਾਗਰੂਕਤਾ ਪ੍ਰੋਗਰਾਮ ਲਈ ਪੰਜਾਬ ਟੈਕਸੇਸ਼ਨ ਬਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਬਾਰ ਮੈਂਬਰਾਂ ਨੂੰ ਨਿਯਮਤ ਤੌਰ 'ਤੇ ਇਸ ਤਰ੍ਹਾਂ ਦੇ ਸੈਮੀਨਾਰ ਕਰਵਾਉਣ ਦੀ ਬੇਨਤੀ ਕੀਤੀ।

## ਕੁਲਵਿੰਦਰ ਕੁਮਾਰ ਦਾ 'ਵਿਹੜੇ ਵਾਲਾ ਨਿੰਮ' ਮਿੰਨੀ ਕਹਾਣੀ ਸੰਗ੍ਰਹਿ ਲੋਕ ਹਿਤਾਂ ਦਾ ਪਹਿਰੇਦਾਰ




ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਕੁਲਵਿੰਦਰ ਕੁਮਾਰ ਕਵਿਤਾਵਾਂ ਅਤੇ ਮਿੰਨੀ ਕਹਾਣੀਆਂ ਦਾ ਲੇਖਕ ਹੈ। ਉਸਦੀਆਂ ਕਹਾਣੀਆਂ ਅਤੇ ਕਵਿਤਾਵਾਂ 26 ਸਾਂਝੇ ਪੰਜਾਬੀ ਅਤੇ ਹਿੰਦੀ ਦੇ ਕਾਵਿ ਅਤੇ ਕਹਾਣੀ ਸੰਗ੍ਰਹਿ ਵਿੱਚ ਪ੍ਰਕਾਸ਼ਤ ਹੋ ਚੁੱਕੀਆਂ ਹਨ। ਪੜਚੋਲ ਅਧੀਨ 'ਵਿਹੜੇ ਵਾਲਾ ਨਿੰਮ' ਉਸਦਾ ਪਲੇਠਾ ਮਿੰਨੀ ਕਹਾਣੀ ਸੰਗ੍ਰਹਿ ਹੈ। ਇਸ ਕਹਾਣੀ ਸੰਗ੍ਰਹਿ ਵਿੱਚ 81 ਮਿੰਨੀ ਕਹਾਣੀਆਂ ਹਨ। ਇਨ੍ਹਾਂ ਵਿੱਚੋਂ ਦੋ ਦਰਜਨ ਕਹਾਣੀਆਂ ਜਿਨ੍ਹਾਂ ਵਿੱਚ ਸਾਊ ਕੁੜੀ, ਪਿਆਰ ਦਾ ਇਜ਼ਹਾਰ, ਮਿੱਧਿਆ ਫੁੱਲ, ਟਿਊਸ਼ਨ ਕਲਾਸ, ਸਫ਼ਰ ਤੇ ਹਮਸਫ਼ਰ, ਫ਼ਰਕ, ਚਲ ਕੋਈ ਨਾ, ਤਲਾਕ, ਤਿਲਕਣ, ਮਿਹਣਾ, ਆਹਟ, ਔਰਤ ਦਿਵਸ, ਫ਼ਰਜ਼, ਕੁੜੀਆਂ ਕਿਸੇ ਤੋਂ ਘੱਟ ਨਹੀਂ, ਧੀ ਦੀ ਲੋਹੜੀ, ਰੱਖੜੀ ਬੰਨ੍ਹ ਲੈ ਵੀਰ, ਟਾਈਮ ਨਹੀਂ, ਮਾਂ-ਬੋਲੀ, ਇੱਕ ਧੀ ਦੇਵੀਂ ਵੇ ਰੱਬਾ, ਕੁੜੀਆਂ ਚਿੜੀਆਂ, ਤੀਆਂ ਦਾ ਮੇਲਾ, ਨਵੇਂ ਸਾਲ ਦਾ ਤੋਹਫ਼ਾ, ਲੋਹੜੀ ਦਾ ਇੰਤਜ਼ਾਰ ਅਤੇ ਰੂਹਾਂ ਦੇ ਰਿਸ਼ਤੇ ਔਰਤਾਂ ਦੀ ਜ਼ਿੰਦਗੀ ਨਾਲ ਸੰਬੰਧਤ ਹਨ। ਇੱਕ ਮਾਂ, ਪਤਨੀ, ਭੈਣ, ਮਾਸੀ, ਚਾਚੀ, ਤਾਈ, ਨਾਨੀ ਦੇ ਰੂਪ ਵਿੱਚ ਵਿਚਰਦਿਆਂ ਔਰਤ ਨੂੰ ਜਿਹੜੀਆਂ ਸਥਿਤੀਆਂ ਵਿੱਚੋਂ ਗੁਜ਼ਰਨਾ ਪੈਂਦਾ ਹੈ, ਉਨ੍ਹਾਂ ਬਾਰੇ ਸੰਕੇਤਕ ਢੰਗ ਨਾਲ ਕਹਾਣੀਆਂ ਵਿੱਚ ਲਿਖਿਆ ਗਿਆ ਹੈ। ਇਹ ਮਿੰਨੀ ਕਹਾਣੀਆਂ ਲੋਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ, ਇਉਂ ਵੀ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਨੇ ਇਨ੍ਹਾਂ ਕਹਾਣੀਆਂ ਵਿੱਚ ਲੋਕਾਈ ਦੀਆਂ ਭਾਵਨਾਵਾਂ, ਦੁੱਖਾਂ-ਦਰਦਾਂ ਅਤੇ ਸਮੱਸਿਆਵਾਂ ਨੂੰ ਪਾਠਕਾਂ ਦੀ ਕਚਹਿਰੀ ਵਿੱਚ ਪ੍ਰਸਤੱਤ ਕੀਤਾ ਹੈ। ਕਹਾਣੀਕਾਰ ਦੀਆਂ ਕਹਾਣੀਆਂ ਵਹਿਮ-ਭਰਮ, ਵਾਤਾਵਰਨ ਨਾਲ ਖਿਲਵਾੜ, ਸਰਕਾਰੀ ਤੰਤਰ ਦਾ ਆਪਣੀ ਜ਼ਿੰਮੇਵਾਰੀ ਤੋਂ ਅਵੇਸਲਾਪਣ, ਸਿਆਸਤਦਾਨਾ ਦੀਆਂ ਚਾਲਾਂ, ਨਸ਼ਿਆਂ ਦੀ ਭਰਮਾਰ ਅਤੇ ਔਰਤ ਦੀ ਬੇਕਦਰੀ ਦਾ ਪਰਦਾ ਫਾਸ਼ ਕਰਦੀਆਂ ਹੋਈਆਂ ਲੋਕਾਈ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਸੁਚੇਤ ਕਰਦੀਆਂ ਹਨ। ਪੁਸਤਕ ਦੇ ਸਿਰਲੇਖ 'ਵਿਹੜੇ ਵਾਲਾ ਨਿੰਮ' ਅਤੇ 'ਵਾਤਾਵਰਨ ਪ੍ਰੇਮੀ' ਕਹਾਣੀ ਸਮਾਜ ਵੱਲੋਂ ਆਪਣੇ ਨਿੱਜੀ ਹਿੱਤਾਂ ਦੀ ਪ੍ਰਾਪਤੀ ਲਈ ਵਾਤਾਵਰਨ ਨਾਲ ਰੁੱਖਾਂ ਦੀ ਕਟਾਈ ਕਰਕੇ ਕੀਤੇ ਜਾ ਰਹੇ ਖਿਲਵਾੜ ਦਾ ਪ੍ਰਗਟਾਵਾ ਕਰਦੀਆਂ ਹਨ। ਇਸੇ ਤਰ੍ਹਾਂ 'ਅਣਗਹਿਲੀ' ਕਹਾਣੀ ਬਿਜਲੀ ਵਿਭਾਗ ਦੇ ਅਧਿਕਾਰੀਆਂ ਵੱਲੋਂ ਲੋਕਾਂ ਦੀ ਬਿਜਲੀ ਦੀਆਂ ਤਾਰਾਂ ਨੂੰ ਠੀਕ ਕਰਨ ਲਈ ਕੀਤੀ ਗਈ ਬੇਨਤੀ ਨੂੰ ਅਣਡਿਠ ਕਰਕੇ ਕੀਤੀ ਲਾਪ੍ਰਵਾਹੀ ਦਾ ਪਾਜ ਉਘੇੜਦੀ ਹੈ। 'ਰੁਤਬਾ' ਕਹਾਣੀ ਸਿਆਸਤਦਾਨਾ ਵੱਲੋਂ ਲੋਕਾਂ ਦੇ ਸਾਹਮਣੇ ਆਪਣੇ ਆਪ ਨੂੰ ਨਿਮਾਣਾ ਹੋਣ ਦਾ ਵਿਖਾਵਾ ਕਰਨਾ ਪ੍ਰੰਤੂ ਅਮਲੀ ਰੂਪ ਵਿੱਚ ਇਸਦੇ ਵਿਰੁੱਧ ਇੱਕ ਕਹਾਵਤ 'ਹਾਥੀ ਦੇ ਦੰਦ ਖਾਣ ਲਈ ਤੇ ਵਿਖਾਉਣ ਲਈ ਹੋਰ' ਦੀ ਤਰ੍ਹਾਂ ਪੂਰੀ ਢੁਕਦੀ ਹੈ। 'ਰੋਟੀ ਦਾ ਨਸ਼ਾ' ਕਹਾਣੀ ਦੇ ਦੋਹਰੇ ਅਰਥ ਹਨ, ਇੱਕ ਪਾਸੇ ਜ਼ਿੰਦਗੀ ਦੀ ਸੰਤੁਸ਼ਟਤਾ ਅਤੇ ਨਾਲ ਹੀ ਨਸ਼ਿਆਂ ਦੀ ਭਰਮਾਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਬਿਲਕੁਲ ਇਸੇ ਤਰ੍ਹਾਂ 'ਫ਼ਰਜ਼', 'ਧਰਤੀ ਮਾਂ' 'ਲੋਹੜੀ ਤੇ ਇੰਤਜ਼ਾਰ' 'ਦਿਲ ਦੀਆਂ ਰੀਝਾਂ', ਨਵੇਂ ਸਾਲ ਦਾ ਤੋਹਫ਼ਾ, 'ਬੇਈਮਾਨੀ ਦੀ ਕਮਾਈ', 'ਸੁੱਖ ਦੁੱਖ ਦੇ ਸਾਥੀ', 'ਅਸਭਿਅਤਾ', 'ਪ੍ਰਣ' ਅਤੇ 'ਦੇਸ਼ ਭਗਤੀ ਦਾ ਜਜ਼ਬਾ' ਕਹਾਣੀਆਂ ਵੀ ਇੱਕ ਪਾਸੇ ਦੇਸ਼ ਪ੍ਰਤੀ ਹਮਦਰਦੀ ਤੇ ਦੂਜੇ ਪਾਸੇ ਪ੍ਰਵਾਸ ਦੀ ਲਾਲਸਾ ਦਾ ਪ੍ਰਗਟਾਵਾ ਕਰਦੀਆਂ ਹਨ, ਦੋਸਤ, ਦੋਸਤ ਦਾ ਸਹਾਰਾ ਵੀ ਬਣਦਾ ਹੈ। ਇਸਦੇ ਨਾਲ ਹੀ 'ਅਕਿਰਤਘਣ' ਅਤੇ ਕਸ਼ਮਕਸ਼' ਪਰਵਾਸ ਵਿੱਚ ਵਸਣ ਲਈ ਰਿਸ਼ਤਿਆਂ ਦੀ ਦੁਰਵਰਤੋਂ ਤੇ ਅਣਵੇਖੀ ਬਾਰੇ ਚੇਤੰਨ ਕਰਦੀਆਂ ਹਨ। 'ਔਰਤ ਦਿਵਸ', 'ਰਿਸ਼ਤੇ ਰੂਹਾਂ ਦੇ', 'ਇੱਕ ਧੀ ਦੇਵੀਂ ਵੇ ਰੱਬਾ, 'ਕੁੜੀਆਂ ਚਿੜੀਆਂ' ਅਤੇ ਤੀਆਂ ਦਾ ਮੇਲਾ ਇਸਤਰੀਆਂ ਦੀ ਖ਼ੁਸ਼ੀ ਤੇ ਗ਼ਮੀ ਦੀਆਂ ਪ੍ਰਤੀਕ ਹਨ। 'ਧੀ ਦੀ ਲੋਹੜੀ' ਸਮਾਜਿਕ ਤਬਦੀਲੀ ਦਾ ਪ੍ਰਤੀਕ ਹੈ। ਇੱਕ ਪਾਸੇ ਮਰਦ ਔਰਤ ਦੀ ਕਦਰ ਦਾ ਢਕਵੰਜ ਕਰਦੈ, ਦੂਜੇ ਪਾਸੇ ਮਰਦ ਔਰਤ ਦਿਵਸ ਦੇ ਸਮਾਗਮ ਤੇ ਜਾਣ ਦੀ ਗੱਲ ਕਰਦਾ ਹੈ, ਪ੍ਰੰਤੂ ਅਸਲ ਜ਼ਿੰਦਗੀ ਵਿੱਚ ਉਸਦੀ ਬੇਕਦਰੀ ਕਰਦਾ ਹੈ। ਘਰ ਵਿੱਚ ਔਰਤਾਂ ਨਾਲ ਦੁਰਵਿਵਹਾਰ, ਪ੍ਰੰਤੂ ਬਾਹਰ ਵਿਖਾਵਾ ਸਤਿਕਾਰ ਦਾ ਕੀਤਾ ਜਾਂਦਾ ਹੈ। ਮਰਦ ਔਰਤ ਨੂੰ ਕਮਜ਼ੋਰ ਸਮਝਦਾ ਹੈ, ਪ੍ਰੰਤੂ 'ਕੁੜੀਆਂ ਕਿਸੇ ਤੋਂ ਘੱਟ ਨਹੀਂ' ਕਹਾਣੀ ਵਿੱਚ ਪ੍ਰੀਤ ਦਾ ਬੈਂਕ ਲੁੱਟਣ ਵਾਲੇ ਹਮਲਾਵਰ ਨੂੰ ਹੂਰਾ ਮਾਰਕੇ ਬੇਹੋਸ਼ ਕਰ ਦੇਣਾ, ਮਰਦਾਂ ਦੀ ਫੋਕੀ ਮਰਦਾਨਗੀ ਨੂੰ ਵੰਗਾਰ ਦੇ ਤੌਰ 'ਤੇ ਦਰਸਾਇਆ ਗਿਆ ਹੈ ਕਿ ਉਹ ਕਿਸੇ ਮਰਦ ਤੋਂ ਘੱਟ ਨਹੀਂ ਹਨ। 'ਵਹਿਮ-ਭਰਮ' ਕਹਾਣੀ ਵਿੱਚ ਦਰਸਾਇਆ ਗਿਆ ਹੈ ਕਿ ਅਧੁਨਿਕਤਾ ਦੇ ਪੜ੍ਹੇ ਲਿਖੇ ਜ਼ਮਾਨੇ ਵਿੱਚ ਵੀ ਲੋਕ ਵਹਿਮਾ-ਭਰਮਾ ਦੇ ਚਕਰ ਵਿੱਚੋਂ ਬਾਹਰ ਨਹੀਂ ਨਿਕਲ ਰਹੇ। 'ਬਦਲਾਵ' ਕਹਾਣੀ ਵਿੱਚ ਕੁਲਦੀਪ ਸਿੰਘ ਵੱਲੋਂ ਸ਼ਰਾਬ ਦੀ ਲਤ ਕਰਕੇ ਨਾਲੀ ਵਿੱਚ ਡਿਗਣ ਤੋਂ ਬਾਅਦ ਲੱਗੇ ਝਟਕੇ ਦਾ ਉਸਾਰੂ ਨਤੀਜਾ ਵਿਖਾਇਆ ਗਿਆ ਹੈ। 'ਗੁੱਸਾ ਫੁੱਫੜ ਦਾ' ਕਹਾਣੀ ਇਨਸਾਨ ਦੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਦੀ ਹੈ, ਇਸ ਕਹਾਣੀ ਵਿੱਚ ਕਰਮ ਸਿੰਘ ਦਾ ਆਪਣੇ ਜੀਜੇ ਨੂੰ ਨੀਵਾਂ ਵਿਖਾਣਾ ਘਟੀਆ ਮਾਨਸਿਕਤਾ ਹੈ। 'ਦੇਸ਼ ਭਗਤੀ' ਕਹਾਣੀ ਨੌਜਵਾਨਾ ਵਿੱਚ ਦੇਸ਼ ਦੇ ਮਾਨ ਸਨਮਾਨ ਦਾ ਹੋਣਾ, ਫ਼ਖ਼ਰ ਵਾਲੀ ਗੱਲ ਦਾ ਨਮੂਨਾ ਪੇਸ਼ ਕਰਦੀ ਹੈ। 'ਦਾਸਤਾਨ-ਏ-ਵਿਸਾਖੀ' ਵੀ ਜਲਿਆਂਵਾਲੇ ਦੇ ਖ਼ੂਨੀ ਸਾਕੇ ਦੀ ਚੀਸ, ਦੇਸ਼ ਭਗਤੀ ਦਾ ਇਜ਼ਹਾਰ ਕਰਦੀ ਹੈ। 'ਨਹਿਲੇ ਤੇ ਦਹਿਲਾ' ਕਹਾਣੀ ਦੋਸਤਾਂ ਨਾਲ ਚਲਿਤਰ ਕਰਨ ਵਾਲੇ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣ ਦਾ ਪ੍ਰਗਟਾਵਾ ਕਰਦੀ ਹੈ। 'ਸਰਬੱਤ ਦਾ ਭਲਾ' ਸਮਾਜ ਸੇਵਾ ਦੀ ਪ੍ਰਵਿਰਤੀ ਸ਼ੁਭ ਸ਼ਗਨ ਹੁੰਦੀ ਹੈ, 'ਰੱਖੜੀ ਬੰਨਾ ਲੈ ਵੀਰ ਵੇ', 'ਬੇਨਾਮ ਰਿਸ਼ਤੇ, ਤੇ 'ਜ਼ਿੰਦਗੀ ਜਿਊਣ ਦਾ ਸਲੀਕਾ' ਭੈਣ ਭਰਾ ਦੇ ਪਿਆਰ ਦਾ ਪ੍ਰਤੀਕ ਤੇ ਦੋਸਤੀ ਦੀ ਮਹੱਤਤਾ ਦਾ ਪ੍ਰਗਟਾਵਾ ਕਰਦੀਆਂ ਹਨ। ਜ਼ਿੰਦਗੀ 'ਜਿਊਣ ਦਾ ਸਲੀਕਾ' ਤੇ 'ਵਾਤਾਵਰਨ ਪ੍ਰੇਮੀ' ਦੋਵੇਂ ਚੰਗੇ ਦੋਸਤਾਂ ਨਾਲ ਦੋਸਤੀ ਪਾਉਣ ਦੀ ਪ੍ਰੇਰਨ ਦਿੰਦੀਆਂ ਹਨ। 'ਫਰਲੋ' ਦਫ਼ਤਰੀ ਬਾਬੂਆਂ ਦੀ ਫਿਤਰਤ, 'ਆਲਸ' ਨੁਕਸਾਨਦਾਇਕ, 'ਪ੍ਰੇਰਨਾ' ਤੇ 'ਮਿਹਨਤ ਦਾ ਫਲ' ਦੋਵੇਂ ਮਿਹਨਤ ਦੀਆਂ ਸੂਚਕ, 'ਸਚਾਈ ਦੀ ਜਿੱਤ' ਸਫਲਤਾ ਦੀ ਨਿਸ਼ਾਨੀ ਅਤੇ 'ਜੇਰਾ' ਦੂਜਿਆਂ ਦੀ ਮਦਦ ਲਈ ਪ੍ਰੇਰਨਾਦਾਇਕ ਹੈ। ਦਫ਼ਤਰੀ ਬਾਬੂ ਦੀ ਲਾਲਚ ਅਧੀਨ ਮਾਨਸਿਕਤਾ ਵਿਦਿਆਰਥੀ ਦੇ ਨੰਬਰ ਪ੍ਰਿੰਸੀਪਲ ਨੂੰ ਘੱਟ ਵਿਖਾ ਦਿੰਦੀ ਹੈ, ਜਦੋਂ ਕਿ ਨੰਬਰ ਦਾਖ਼ਲਾ ਦੇਣ ਲਈ ਲੋੜੀਂਦੇ ਹਨ। 'ਭੀੜ-ਭੜੱਕਾ' ਕਹਾਣੀ ਧਾਰਮਿਕ ਸਥਾਨਾਂ 'ਤੇ ਇਨਸਾਨੀਅਤ ਦੀ ਅਣਗਹਿਲੀ ਦਾ ਦ੍ਰਿਸ਼ਟਾਂਤਿਕ ਪ੍ਰਗਟਾਵਾ ਕਰਦੀ ਹੈ। 'ਪਹਿਲੀ ਲੋਹੜੀ' ਤੇ 'ਨਿੱਕੀ ਜਿਹੀ ਗ਼ਲਤੀ' ਦਫ਼ਤਰਾਂ ਵਿੱਚ ਇਨਸਾਨੀਅਤ ਦੇ ਦੋਵੇਂ ਰੂਪਾਂ ਬਾਰੇ ਜਾਣਕਾਰੀ ਦਿੰਦੀ ਹੈ, ਇੱਕ ਪਾਸੇ ਹੌਲਦਾਰ ਆਪਣੇ ਸਿਪਾਹੀ ਦੀ ਜ਼ਰੂਰਤ ਦੀ ਅਹਿਮੀਅਤ ਨੂੰ ਦਰਕਿਨਾਰ ਕਰਦਾ ਹੈ ਤੇ ਦੂਜੇ ਪਾਸੇ ਥਾਣੇਦਾਰ ਕਦਰਦਾਨ ਬਣਦਾ ਹੈ। 'ਕਿਰਦਾਰ' ਦੋ ਭਰਾਵਾਂ ਦੇ ਵਿਵਹਾਰ ਦਾ ਅੰਤਰ ਦਰਸਾਉਂਦੀ ਹੈ। 'ਰੰਗਾਂ ਦਾ ਤਿਉਹਾਰ' ਕਹਾਣੀ ਗ਼ਰੀਬਾਂ ਦੀ ਹਾਲਤ ਬਿਆਨ ਕਰਦੀ ਹੈ। 'ਕੁਦਰਤ ਦਾ ਕਹਿਰ' ਅਤੇ 'ਕੌਣ ਸਾਹਿਬ ਨੂੰ ਆਖੇ' ਕਹਾਣੀਆਂ ਕਿਸਾਨਾ ਦੀਆਂ ਫ਼ਸਲਾਂ ਦੀ ਤਬਾਹੀ ਨਾਲ ਉਨ੍ਹਾਂ ਦੀਆਂ ਭਾਵਨਾਵਾਂ ਦੇ ਕਤਲ ਹੋਣ ਬਾਰੇ ਦਸਦੀਆਂ ਹਨ।

ਏ ਲੋਕ ਭਲਾਈ ਅਤੇ ਇਨਸਾਨੀਅਤ ਦੀ ਕਦਰ ਸੰਬੰਧੀ ਵੀ ਅੱਧਾ ਦਰਜਨ ਕਹਾਣੀਆਂ ਹਨ। 'ਅਸੂਲ ਦੀ ਗੱਲ' ਸਰਪੰਚ ਵੱਲੋਂ ਲਾਲਚ ਦੇ ਕੇ ਬੱਚਾ ਪਾਸ ਕਰਵਾਉਣਾ ਆਮ ਜਿਹੀ ਗੱਲ ਹੈ, ਪ੍ਰੰਤੂ ਇਸ ਕਹਾਣੀ ਵਿੱਚ ਪ੍ਰਿੰਸੀਪਲ ਵੱਲੋਂ ਕਰਾਰਾ ਜਵਾਬ ਦੇਣਾ ਅਸੂਲ ਪ੍ਰਸਤੀ ਦਾ ਨਮੂਨਾ ਹੈ। 'ਰੰਗਲਾ ਪੰਜਾਬ' ਵਿਅੰਗਾਤਮਿਕ ਕਹਾਣੀ ਹੈ, ਜਿਹੜੀ ਪੰਜਾਬ ਵਿੱਚ ਨਸ਼ਿਆਂ, ਬੇਰੋਜ਼ਗਾਰੀ, ਲੁੱਟ ਖੋਹ, ਅਮਨ ਕਾਨੂੰਨ ਦੀ ਸਥਿਤੀ, ਆਤਮ ਹੱਤਿਆਵਾਂ, ਸੜਕੀ ਦੁਰਘਨਾਵਾਂ ਅਤੇ ਪਰਵਾਸ ਦੀ ਹੋੜ ਦੱਸਕੇ ਗੁੱਝੇ ਤੀਰ ਮਾਰਦੀ ਹੈ। 'ਮਸ਼ੀਨੀਕਰਨ' ਕਹਾਣੀ ਬੇਰੋਜ਼ਗਾਰੀ ਪੈਦਾ ਕਰਨ ਬਾਰੇ ਚੇਤੰਨ ਕਰਦੀ ਹੈ। ਪਲੇਠਾ ਕਹਾਣੀ ਸੰਗ੍ਰਹਿ ਹੋਣ ਕਰਕੇ ਕੁਲਵਿੰਦਰ ਕੁਮਾਰ ਦੀਆਂ ਮਿੰਨੀ ਕਹਾਣੀਆਂ ਪਹਿਲੀ ਸੱਟੇ ਪ੍ਰਚਾਰ ਲੱਗਦੀਆਂ ਹਨ। ਇਸ ਲਈ ਕਹਾਣੀਕਾਰ ਨੂੰ ਅੱਗੇ ਵਾਸਤੇ ਕਹਾਣੀਆਂ ਲਿਖਦਿਆਂ ਧਿਆਨ ਰੱਖਣਾ ਚਾਹੀਦਾ ਹੈ ਕਿ ਵਿੱਚੋਂ ਪ੍ਰੇਰਨਾ ਤਾਂ ਭਾਵੇਂ ਮਿਲੇ, ਪ੍ਰੰਤੂ ਪ੍ਰਚਾਰ ਨਹੀਂ ਹੋਣਾ ਚਾਹੀਦਾ। ਭਵਿਖ ਵਿੱਚ ਕਹਾਣੀਕਾਰ ਤੋਂ ਹੋਰ ਵਧੀਆ ਢੰਗ ਨਾਲ ਕਹਾਣੀਆਂ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।

**96 ਪੰਨਿਆਂ, 250 ਰੁਪਏ ਕੀਮਤ ਵਾਲਾ 'ਵਿਹੜੇ ਵਾਲਾ ਨਿੰਮ' ਮਿੰਨੀ ਕਹਾਣੀ ਸੰਗ੍ਰਹਿ ਸਾਹਿਤਯ ਕਲਸ਼ ਪਬਲੀਕੇਸ਼ਨ, ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।**
**ਸੰਪਰਕ ਕੁਲਵਿੰਦਰ ਕੁਮਾਰ : 9914481924**

## ਭਾਈ ਮਤੀ ਦਾਸ ਜੀ****350ਸਾਲਾਂ




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

350ਸਾਲਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਤਾਬਦੀ ਤੇ ਗੁਰੂ ਜੀ ਨਾਲ ਭਾਈ ਮਤੀ ਦਾਸ ਜੀ ਵੀ ਸ਼ਹੀਦ ਹੋਏ।

ਭਾਰਤ ਦੀ ਰਾਜਧਾਨੀ ਦਿੱਲੀ ਵਿਚ ਲਾਲ ਕਿਲ੍ਹੇ ਤੋਂ ਥੋੜੀ ਦੂਰ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਸਾਹਮਣੇ ਬਣੇ ਵਡੇ ਫੁਹਾਰੇ ਵਾਲੀ ਥਾਂ ਸਿੱਖ ਸ਼ਹੀਦ ਦੇ ਖੁਨ ਨਾਲ ਰੰਗੀ ਹੋਈ ਹੈ।
ਮੁਗਲ ਸਰਕਾਰ ਦੇ ਕਾਜ਼ੀਆਂ ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ। ਹਜ਼ਾਰਾਂ ਲੋਕਾਂ ਦੀ ਗਿਣਤੀ ਵਿਚ ਆਰਾ ਸੀਸ ਤੇ ਰੱਖ ਕੇ ਇਉਂ ਫੇਰਿਆ ਗਿਆ ਜਿਵੇਂ ਮੋਛੇ ਨੂੰ ਦੋਫਾੜ ਕੀਤਾ ਜਾਂਦਾ ਹੈ।ਪਰ ਸਦਕੇ ਉਸ ਸਮੇਂ ਬਿਰਤੀ ਜਪੁਜੀ ਸਾਹਿਬ ਦੇ ਪਾਠ ਵਿਚ ਜੁੜੀ ਰਹੀ। ਜਦ ਤੱਕ ਆਰੇ ਨਾਲ ਸਰੀਰ ਦੋਫਾੜ ਨਾ ਹੋ ਗਿਆ। ਦੁਨੀਆਂ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਬਲਵਾਨ ਸ਼ਹੀਦੀ ਦੀ ਮਿਸਾਲ ਕੋਈ ਨਹੀਂ ਕਰ ਸਕਿਆ। ਜਿਸ ਤਰ੍ਹਾਂ ਸਿਖਾਂ ਨੂੰ ਆਪਾਂ ਵਾਰ। ਕੇ ਪੈਦਾ ਕੀਤੀ ਸਿੱਖ ਇਤਿਹਾਸ ਵਿਚ।
ਪਾਕਿਸਤਾਨ ਦੇ ਜਿਹਲਮ ਜ਼ਿਲ੍ਹੇ ਵਿਚ ਚਕਵਾਲ ਤੋਂ ਛੇ ਮੀਲ ਦੂਰ ਕਟਾਸ ਰਾਜ ਵਾਲੀ ਸੜਕ ਤੇ ਨਗਰ ਕਰਿਆਲਾ ਹੈ । ਜੋਂ ਸੁੰਦਰਤਾ ਤੇ ਦਿਲ। ਖਿੱਚਵੇਂ ਨਜ਼ਾਰਿਆਂ ਦੇ ਪਖੋਂ ਸਾਰੀ ਪੋਠੋਹਾਰ ਵਿਚ ਖ਼ਾਸਾ ਪ੍ਰਸਿਧ ਹੈ। ਇਸ ਇਲਾਕੇ ਨੂੰ ਧਨੀ ਕਿਹਾ ਜਾਂਦਾ ਹੈ।ਭਾਈ ਮਤੀ ਦਾਸ ਇਸ ਇਲਾਕੇ ਦੀ ਜੰਮ ਪੱਲ ਸਨ। ਜਿਨ੍ਹਾਂ ਆਪਣੀ ਕੁਰਬਾਨੀ ਨਾਲ ਇਸ ਇਲਾਕੇ ਦਾ ਨਾਮ ਰੋਸ਼ਨ ਕੀਤਾ।
ਮਤੀ ਦਾਸ ਪਰਾਗੇ ਦਾ ਜੇਠਾ ਪੁੱਤਰ ਸੀ। ਸਤਿਗੁਰੂ ਤੇਗਬਹਾਦਰ ਸਾਹਿਬ ਜੀ ਨੇ ਭਾਈ ਮਤੀ ਦਾਸ ਨੂੰ ਆਪਣਾ ਦੀਵਾਨਾ ਥਾਪਿਆ।
ਭਾਈ ਮਤੀ ਦਾਸ ਦੇ ਖਾਨਦਾਨ ਬਾਰੇ 1978 ਵਿਚ ਨਵੀਂ ਖੋਜ ਹੋਈ ਹੈ। ਜਿਸ ਨੇ ਪਹਿਲੀ ਵਾਰ ਇਤਿਹਾਸਕ ਜਾਣਕਾਰੀ ਬਦਲ ਦਿੱਤੀ ਹੈ। ਗਿਆਨੀ ਮੋਤਾ ਸਿੰਘ ਜੀ ਨਵੀਂ ਦਿੱਲੀ ਨੇ ਹਰਦੁਆਰ ਦੇ ਪਾਂਡਿਆਂ ਦੀਆਂ ਵਹੀਆਂ ਵਿਚੋਂ ਭਾਈ ਮਤੀ ਦਾਸ ਤੇ ਸਤੀ ਦਾਸ ਦੋਹਾਂ ਬਾਰੇ ਨਵੀਂ ਜਾਣਕਾਰੀ ਪ੍ਰਾਪਤ ਕਰਕੇ
ਖਾਲਸਾ ਸਮਾਚਾਰ ਅੰਮ੍ਰਿਤਸਰ ਦੇ 2 ਫਰਵਰੀ1978 ਦੇ ਅੰਕ ਵਿਚ ਲੇਖ ਪ੍ਰਕਾਸ਼ਿਤ ਕੀਤਾ ਹੈ।
ਉਸ ਵਿਚ ਦਸਿਆ ਹੈ ਕਿ ਪਾਂਡਿਆਂ ਦੀਆਂ ਵਹੀਆਂ ਵਿਚ ਮਤੀ ਦਾਸ ਨੇ ਗੁਰਮੁਖੀ ਵਿਚ ਦਸਤਖ਼ਤ ਅਤੇ ਆਪਣੇ ਪਰਿਵਾਰ ਬਾਰੇ ਪੰਜਾਬੀ ਵਿਚ ਲਿਖੀ ਜਾਣਕਾਰੀ ਮਿਲੀ ਹੈ।
ਉਸ ਅਨੁਸਾਰ ਇਸ ਖ਼ਾਨਦਾਨ ਦਾ ਮੁਖੀਆਂ ਭਾਈ ਪਰਾਗਾ ਜੀ। ਜਿਸਦਾ ਪੁੱਤਰ ਭਾਈ ਦਵਾਰਕਾ ਦਾਸ ਸੀ। ਦਵਾਰਕਾ ਦਾਸ ਦੇ ਚਾਰ ਪੁੱਤਰ ਸਨ। ਜਿਹਨਾਂ ਵਿਚੋਂ ਇਕ ਕਬੂਲ ਦਾਸ ਸੀ । ਇਸੇ ਕਬੂਲ ਦਾਸ ਦੇ ਤਿੰਨ ਪੁੱਤਰ ਭਾਈ ਮਤੀਦਾਸ, ਭਾਈ ਸਤੀਦਾਸ, ਜਤੀ ਦਾਸ ਸਨ। ਭਾਈ ਮੋਤਾ ਸਿੰਘ ਚੱਕ ਵਾਲੀਏ ਨੇ ਉਹਨਾਂ ਵਹੀਆਂ ਤੋਂ ਭਾਈ ਮਤੀ ਦਾਸ ਜੀ ਆਪਣੇ ਹੱਥ ਗੁਰਮੁਖੀ ਦੀ ਫੋਟੋ ਕਾਪੀ ਵੀ ਲੈ ਲਈ ਸੀ।
ਇਸ ਪਿਛੋਂ ਭਾਈ ਮਤੀ ਦਾਸ ਯਾਦਗਾਰੀ ਟ੍ਰਸ੍ਟ ਚੰਡੀਗੜ੍ਹ ਨੇ ਇਸ ਨਵੀਂ ਜਾਣਕਾਰੀ ਦੀ ਤਸਦੀਕ ਲਈ ਟ੍ਰਸ੍ਟ ਦੇ ਜਰਨਲ ਸਕੱਤਰ ਗਿਆਨੀ ਹਰੀ ਸਿੰਘ ਜਰਨਲਿਸਟ ਨੂੰ ਉਚੇਚੇ ਤੌਰ ਤੇ ਭੇਜਿਆ। ਉਹਨਾਂ ਨੇ ਵੀ ਸਾਰੀ ਜਾਣਕਾਰੀ ਬਾਰੇ ਰਿਕਾਰਡ ਨੂੰ ਵੇਖਿਆ ਅਤੇ ਆ ਕੇ ਟ੍ਰਸ੍ਟ ਨੂੰ ਰਿਪੋਰਟ ਦਿੱਤੀ ਕਿ ਉਹ ਤਿੰਨ ਸੌ ਸਾਲ ਪੁਰਾਣੀ ਵੀਹ ਹੁਣ ਹਰਦੁਆਰ ਦੇ ਪਾਂਡੇ ਪ੍ਰਮੇਸਵਰੀ ਦਾਸ ਪਾਸ ਸੁਰੱਖਿਅਤ ਪਈ ਹੈ।
ਭਾਈ ਮਤੀ ਦਾਸ ਦੇ ਇਸ ਖਾਨਦਾਨੀ ਪਿਛੋਕੜ ਬਾਰੇ ਮਟਨ ਸਾਹਿਬ ਕਸ਼ਮੀਰ ਦੇ ਪਾਂਡਿਆਂ ਪਾਸ ਵੀ ਰਿਕਾਰਡ ਮੌਜੂਦ ਹੈ। ਭਾਈ ਜਗਤ ਸਿੰਘ ਜੇਹਲਮੀ ਨੇ ਮਟਨ ਸਾਹਿਬ ਤੋਂ ਇਸ ਤਰ੍ਹਾਂ ਦੀ ਜਾਣਕਾਰੀ ਹਾਸਿਲ ਕੀਤੀ ਹੈ।
ਭਾਈ ਮਤੀ ਦਾਸ ਸ਼ੁਰੂ ਤੋਂ ਹੀ ਸ਼ਰਧਾਲੂ ਤੇ ਨਾਮ ਰਸੀਏ ਸਨ।
ਸ਼੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਲੰਮੀ ਤਪੱਸਿਆ ਪਿਛੋਂ ਬਾਬਾ ਬਕਾਲਾ ਪ੍ਰਗਟ ਹੋਏ ਤੇ ਗੁਰਗੱਦੀ ਸੰਭਾਲੀ ਸੀ ਸੰਗਤਾਂ ਵੀ ਇੱਕਠੀ
ਹੋ ਕੇ ਆਈ।
ਮਤੀ ਦਾਸ ਵੀ ਇਸ ਸਮੇਂ ਦਰਸ਼ਨਾਂ ਨੂੰ ਆਏ ਆਪ ਨੂੰ ਆਤਮਕ ਸ਼ਾਂਤੀ ਪ੍ਰਾਪਤ ਹੋਈ।
ਜੀਵਨ ਨੇ ਪਲਟਾ ਮਾਰਿਆ ਆਪ ਗੁਰੂ ਜੀ ਦੀ ਸੇਵਾ ਤੇ ਆਪਣਾ ਕਲਿਆਣ ਕਰਨ ਦੀ ਧਾਰ ਲਈ।
ਫਿਰ ਉਹ ਸਮਾਂ ਆ ਗਿਆ ਜਦੋਂ ਸਿੱਖਾਂ ਦੀ ਲੋਕ ਲਹਿਰ ਜਬਰ ਜ਼ੁਲਮ ਨਾਲ ਟੱਕਰ ਲੈਣ ਲਈ ਤਿਆਰ ਹੋ ਗਈ।
ਗੁਰੂ ਤੇਗਬਹਾਦਰ ਸਾਹਿਬ ਨੇ ਇਸ ਜ਼ੁਲਮ ਤੇ ਲੋਕ ਵਿਰੋਧੀ ਸ਼ਕਤੀ ਵਿਰੁੱਧ ਦੇਸ਼ ਦੇ ਲੱਖਾਂ ਲੋਕਾਂ ਦੀ ਆਤਮਾ ਨੂੰ ਝੰਜੋੜਨ ਲਈ ਆਪਣਾ ਬਲੀਦਾਨ ਦੇਣ ਦਾ ਫੈਸਲਾ ਕਰ ਲਿਆ। ਥਾਂ ਥਾਂ ਜਾਂ ਕੇ ਲੋਕਾਂ ਨੂੰ ਪ੍ਰੇਰਨਾ ਕੀਤੀ ਤੇ ਇਹੀ ਉਪਦੇਸ਼ ਦਿੱਤਾ ਕਿ ਤੁਸੀਂ ਨਾ ਕਿਸੇ ਡਰਾਂ ਨਾ ਹੀ ਕਿਸੇ ਦਾ ਡਰ ਮਹਿਸੂਸ ਕਰੋ। ਗੁਰੂ ਜੀ ਨੇ ਉਪਦੇਸ਼ ਦੇ ਕੇ ਸਾਰੀ ਸੰਗਤਾ ਨੂੰ ਵਾਪਸ ਮੋੜ ਦਿੱਤਾ ਸੀ।
ਆਪ ਆਪਣੇ ਨਾਲ ਪੰਜ ਸਿੱਖ ਭਾਈ ਮਤੀ ਦਾਸ,ਭਾਈ ਸਤੀਦਾਸ,ਭਾਈ ਦਿਆਲਾ ਜੀ,
ਭਾਈ ਗੁਰਦਿੱਤਾ ਜੀ ਭਾਈ ਊਦਾ ਜੀ ਸਨ।
ਗੁਰੂ ਤੇਗਬਹਾਦਰ ਸਾਹਿਬ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਔਰਗਜ਼ੇਬ ਨੇ ਜਾਰੀ ਕੀਤਾ ਹੋਇਆ ਸੀ। ਕਾਫ਼ੀ ਸਮੇਂ ਤੋਂ ਆਪ ਜੀ ਦੀ ਭਾਲ ਕੀਤੀ ਜਾ ਰਹੀ ਸੀ। ਗੁਰੂ ਸਾਹਿਬ ਨੇ ਆਗਰੇ ਅਤੇ ਆਪਣੇ ਆਪ ਨੂੰ ਪ੍ਰਗਟ ਕਰ ਦਿੱਤਾ। ਹਾਕਮਾਂ ਨੇ ਗੁਰੂ ਜੀ ਤੇ ਪੰਜ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਕਿਲ੍ਹੇ ਵਿਚ ਰਖਿਆ। ਦਿੱਲੀ ਸੁਨੇਹਾ ਭੇਜ ਦਿੱਤਾ। ਫਿਰ ਗੁਰੂ ਜੀ ਨੂੰ ਪੰਜ ਸਿੱਖਾਂ ਸਮੇਤ ਪੰਜ ਸੌ ਫੋਜੀਆਂ ਦੇ ਪਹਿਲੇ ਹੇਠ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਦਿੱਲੀ ਲੈਕੇ ਆਏ।
ਔਰਗਜ਼ੇਬ ਨੇ ਜਾਮਾ ਮਸਜਿਦ ਦੇ ਵੱਡੇ ਮੌਲਵੀ ਨੇ ਕਾਫ਼ੀ ਦਿਨ ਗੁਰੂ ਜੀ ਨੂੰ ਧਰਮ ਬਦਲਣ ਵਿਚ ਲਗਾ ਦਿੱਤੇ ਆਖਰ ਉਹ ਸਮਝ ਗਿਆ ਗੁਰੂ ਜੀ ਆਪਣੇ ਇਰਾਦੇ ਦੇ ਪੱਕੇ ਸਨ ਇਨ੍ਹਾਂ ਨੇ ਕਿਸੇ ਵੀ ਕੀਮਤ ਤੇ ਉਨ੍ਹਾਂ ਦੀ ਗੱਲ ਨਹੀਂ ਮੰਨਣੀ।
ਗੁਰੂ ਜੀ ਨੇ ਆਪਣੀਆਂ ਦਲੀਲਾਂ ਨਾਲ ਉਸ ਨੂੰ ਕਾਇਲ ਕਰ ਲਿਆ।
ਫਿਰ ਆਪ ਨੂੰ ਖੁੱਲ੍ਹੇ ਕਮਰੇ ਦੀ ਥਾਂ ਇਕ ਪਿੰਜਰੇ ਵਿਚ ਕੈਦ ਕਰਕੇ ਰੱਖ ਦਿੱਤਾ। ਪਿੰਜਰੇ ਵਿਚ ਆਰਾਮ ਕਰਨਾ ,ਤੁਰਨਾ ਫਿਰਨਾ ਵੀ ਕਠਿਨ ਹੀ ਨਹੀਂ ਅਸੰਭਵ ਸੀ।
ਗੁਰੂ ਸਾਹਿਬ ਦੀ ਇਹ ਹਾਲਤ ਦੇਖ ਕੇ ਮਤੀਦਾਸ ਤੋਂ ਬਰਦਾਸ਼ਤ ਕਰਨਾ ਮੁਸ਼ਕਲ ਹੋ ਗਿਆ। ਉਸ ਨੇ ਬੇਨਤੀ ਕੀਤੀ ਮਹਾਰਾਜ ਆਗਿਆ ਦਿਓ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਵਜਾਈ ਦਿਆਂ। ਗੁਰੂ ਜੀ ਨੇ ਆਖਿਆ ਤੁਸੀਂ ਸ਼ਾਂਤੀ ਨਾਲ ਦੇਖਦੇ ਚਲੋ। ਸਾਨੂੰ ਵੀ ਪੇਸ਼ਕਸ਼ ਕੀਤੀ ਕਰਾਮਾਤ ਦਿਖਾਉਣ ਦੀ। ਅਸੀਂ ਖਿੜੇ ਮੱਥੇ ਆ ਰਹੇ ਹਾਲਾਤ ਦਾ ਟਾਕਰਾ ਕਰਨਾ ਚਾਹੀਦਾ ਹੈ। ਇਸ ਵਿਚ ਸਾਡਾ ਸਮੁੱਚੀ ਮਨੁੱਖ ਜਾਤੀ ਦਾ ਭਲਾ ਹੋਵੇਗਾ। ਸਮੇਂ ਦੀ ਮੰਗ ਹੈ ਕਿ ਅਸੀਂ ਕੁਰਬਾਨੀ ਦੇਈਦੇ। ਇਸ ਲਈ ਦ੍ਰਿੜ ਰਹਿ ਕੇ ਸਾਨੂੰ ਆਈ ਔਕੜ ਦਾ ਸਾਹਮਣਾ ਕਰਨਾ ਚਾਹੀਦਾ ਹੈ।
ਭਾਈ ਮਤੀ ਦਾਸ ਜੀ ਨੂੰ ਗਿਆਨ ਹੋ ਗਿਆ। ਉਹਨੇ ਨਮਸਕਾਰ ਕੀਤਾ ਤੇ ਸੱਮਝ ਲਿਆ । ਜੀਵਨ ਦਾ ਭੇਦ ਹੁਣ ਇਸੇ ਵਿਚ ਹੈ ਕਿ ਬਲਿਦਾਨ ਦਿੱਤਾ ਜਾਵੇ।
ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪਿੰਜਰੇ ਵਿਚ ਕੈਦ ਕੀਤਾ ਕੋਈ ਅਸਰ ਨਾ ਹੋਇਆ। ਇਸ ਲਈ ਉਹਨਾਂ ਜੋਂ ਸਿੱਖ ਹਨ ਉਹਨਾਂ ਨੂੰ ਤੜਫਾਂ ਤਰਫ਼ਾਂ ਕੇ ਗੁਰੂ ਜੀ ਦੇ ਸਾਹਮਣੇ ਮਾਰਿਆ ਜਾਏ।
ਉਸ ਵੇਲੇ ਭਾਈ ਮਤੀ ਦਾਸ ਜੀ ਦੇ ਆਰਾ ਸਿਰ ਤੇ ਰਗੜਨ ਲੱਗੇ ਉਹਨਾਂ ਦਾ ਅੰਦਾਜ਼ਾ ਗਲਤ ਨਿਕਲਿਆ। ਤੇ ਆਰੇ ਨਾਲ ਜਲਾਦਾਂ ਨੇ ਸਿਰ ਨੂੰ ਲਕੜੀ ਦੇ ਮੋਛੇ ਵਾਂਗ ਚਿਰਵਾ ਸਰੀਰ ਨੂੰ ਦੋ ਫਾੜ ਕਰ ਦਿੱਤਾ।
ਮਤੀ ਦਾਸ ਨੂੰ ਕਰਾਮਾਤ ਦਿਖਾਉਣ ਨੂੰ ਕਿਹਾ ਤਾਂ ਭਾਈ ਜੀ ਜਵਾਬ ਦਿੱਤਾ ਮੇਰੇ ਗੁਰਦੇਵ ਦਾ ਹੁਕਮ ਨਹੀਂ ਹੈ। ਫਿਰ ਵੀ ਮੈਂ ਦਸ ਦੇਂਦਾ ਹਾਂ।
ਮਤੀ ਦਾਸ ਕੋਲੋਂ ਆਖ਼ਰੀ ਇੱਛਾ ਪੁੱਛੀ ਤਾਂ ਉਸ ਨੇ ਆਖਿਆ ਮੇਰੇ ਪ੍ਰਾਣ ਮੇਰੇ ਪ੍ਰੀਤਮ ਦੇ ਦਰਸ਼ਨ ਕਰਦੇ ਹੋਏ ਨਿਕਲਣ।
ਭਾਈ ਮਤੀ ਦਾਸ ਜੀ ਦਾ ਸਰੀਰ ਉਤੇ ਹੀ ਪਿਆ ਰਿਹਾ। ਇਹ ਨਹੀਂ ਪਤਾ ਲੱਗ ਸਕਿਆ ਕਿ ਉਹਨਾਂ ਦੀ ਦੇਹ ਦਾ ਕੀ ਬਣਿਆ। ਸ਼ਹੀਦੀ ਸਮਾਂ 1675 ਈਸਵੀ ਦੇ ਨੰਵਬਰ ਦਾ ਪਹਿਲਾ ਹਫ਼ਤਾ ਇਤਿਹਾਸ ਵਿਚ ਆਇਆ ਹੈ। ਆਪ ਜੀ ਦੇ ਪਿਛੋਂ ਦੂਜੇ ਦਿਨ ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਜੀ ਦੇ ਭਰਾ ਸਤੀਦਾਸ ਜੀ ਨੂੰ ਰੂਹ ਵਿਚ ਲਪੇਟ ਕੇ ਜਿੰਦਾ ਸਾੜਨ ਕੇ ਸ਼ਹੀਦ ਕੀਤਾ ਗਿਆ।
ਫਿਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ। ਇਕ ਗੁਰਦੁਆਰਾ ਸੀਸ ਗੰਜ ਦਿੱਲੀ ਵਾਲੀ ਥਾਂ ਨਾਲ ਦੁ ਕੋਤਵਾਲੀ ਸਾਹਮਣੇ ਫੁਹਾਰੇ ਵਾਲੀ ਥਾਂ ਸਿੱਖ ਸ਼ਹੀਦਾਂ ਦੇ ਖ਼ੂਨ ਨਾਲ ਰੰਗੀਆਂ ਹੋਈਆਂ ਹਨ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਸ਼ੌਂਕ ਅਧੂਰਾ ਰਹਿ ਨਾ ਜਾਏ ਮੈਂ ਕਹਿੰਦਾ ਹਾਂ।
ਸੂਰਜ ਅੰਬਰੋਂ ਲਹਿ ਨਾ ਜਾਏ ਮੈਂ ਕਹਿੰਦਾ ਹਾਂ।
ਇਸ ਦੇ ਉਪਰ ਕੋਈ ਵੀ ਛੱਤ ਟਿਕ ਸਕਦੀ ਨਈਂ,
ਪਿੱਲੀ ਕੰਧ ਹੈ ਢਹਿ ਨਾ ਜਾਏ ਮੈਂ ਕਹਿੰਦਾ ਹਾਂ।
ਮੈਂ ਇਸ ਬੰਦੇ ਦੀ ਫਿਤਰਤ ਤੋਂ ਜਾਣੂ ਹਾਂ ਜੀ,
ਰਿਸ਼ਵਤ ਲੈ ਕੇ ਬਹਿ ਨਾ ਜਾਏ ਮੈਂ ਕਹਿੰਦਾ ਹਾਂ।
ਟੁੱਟੀ ਬੇੜੀ ਲੈ ਕੇ ਪਾਣੀ ਵਿਚ ਨਾ ਜਾਵੀਂ,
ਲਹਿਰਾਂ ਦੇ ਵਿਚ ਵਹਿ ਨਾ ਜਾਏ ਮੈਂ ਕਹਿੰਦਾ ਹਾਂ।
ਪਹਿਲਾਂ ਇਸ ਤੋਂ ਲੱਖਾਂ ਧੋਖੇ ਖਾਦੇ ਆਪਾਂ,
ਨਜ਼ਰ ਦੁਬਾਰਾ ਖਹਿ ਨਾ ਜਾਏ ਮੈਂ ਕਹਿੰਦਾ ਹਾਂ।
ਹੋਰ ਨਾ ਪੀੜਾ ਦੇਵੀਂ ਮੇਰੇ ਚੰਦਰੇ ਦਿਲ ਨੂੰ,
ਸਹਿੰਦਾ ਸਹਿੰਦਾ ਸਹਿ ਨਾ ਜਾਏ ਮੈਂ ਕਹਿੰਦਾ ਹਾਂ।
ਉਸ ਨੂੰ ਆਖੋ ਘੁੰਡ ਚੋਂ ਮੁਖੜਾ ਬਾਹਰ ਨਾ ਕੱਢੇ,
ਚੰਨ ਅੰਬਰ ਚੋਂ ਲਹਿ ਨਾ ਜਾਏ ਮੈਂ ਕਹਿੰਦਾ ਹਾਂ।
ਰੇਤੇ ਦੀ ਦੀਵਾਰ 'ਚ ਕੋਈ ਦਮਖਮ ਨਈਂਉ,
ਬਾਲਮ ਕਿਧਰੇ ਢਹਿ ਨਾ ਜਾਵੇ ਮੈਂ ਕਹਿੰਦਾ ਹਾਂ।